# ਟੈਂਡਰ ਨੋਟਿਸ

# ਲੱਕੜ ਬਾਲਣ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਪੰਜਾਬ ਅਤੇ ਹਰਿਆਣਾ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੇ ਲੰਗਰਾਂ ਵਾਸਤੇ 1 ਅਪ੍ਰੈਲ 2020 ਤੋਂ 31 ਮਾਰਚ 2021 ਲਈ ਵੱਖ-ਵੱਖ ਫਰਮਾਂ ਪਾਸੋਂ ਹੇਠ ਲਿਖੇ ਅਨੁਸਾਰ ਲੱਕੜ ਬਾਲਣ ਦੇ ਸੀਲਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।ਬਾਲਣ ਹੇਠ ਲਿਖੇ ਚਾਰ ਜੋਨਾਂ ਵਿੱਚ ਸਪਲਾਈ ਕੀਤਾ ਜਾਵੇਗਾ:

| 1. | 2. | 3. | 4. |
|---|---|---|---|
| ਮਾਝਾ | ਮਾਲਵਾ | ਦੁਆਬਾ | ਹਰਿਆਣਾ |

**ਟੈਂਡਰਕਾਰ ਪ੍ਰਤੀ ਜੋਨ ਅਤੇ ਪ੍ਰਤੀ ਫਰਮ 1 ਲੱਖ ਰੁਪਏ ਦਾ ਡਰਾਫਟ "ਸੈਕਟਰੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ" ਦੇ ਨਾਮ ਤੇ ਨਾਲ ਲੈ ਕੇ ਆਵੇ।ਪ੍ਰਵਾਨ ਹੋਏ ਰੇਟਾਂ ਵਾਲੀ ਫਰਮ ਦੀ ਜਮਾਨਤ ਜਮਾਂ ਕਰਕੇ ਬਾਕੀਆਂ ਨੂੰ ਵਾਪਸ ਕਰ ਦਿੱਤੀ ਜਾਵੇਗੀ।**

**ਟੈਂਡਰ ਮਿਤੀ 16/03/2020 ਨੂੰ ਸਵੇਰੇ 2:00 ਵਜੇ ਦਫ਼ਤਰ ਸ਼੍ਰੋ.ਗੁ.ਪ੍ਰ.ਕਮੇਟੀ, ਸ੍ਰੀ ਅੰਮ੍ਰਿਤਸਰ,ਪੰਜਾਬ ਵਿਖੇ ਖੋਲ੍ਹੇ ਜਾਣਗੇ।**

ਹੇਠ ਲਿਖੇ ਅਨੁਸਾਰ ਬਾਲਣ ਸਪਲਾਈ ਕਰਨ ਦੇ ਰੇਟਾਂ ਦੀ ਮੰਗ ਕੀਤੀ ਜਾਂਦੀ ਹੈ:

1.ਇਕੱਲਾ ਪਾਪੂਲਰ ਪ੍ਰਤੀ ਕੁਵਿੰਟਲ।

2.ਰਲਿਆ ਮਿਲਿਆ ਬਾਲਣ ਪ੍ਰਤੀ ਕੁਵਿੰਟਲ (ਪਾਪੂਲਰ, ਸਿੰਬਲ, ਕੈਮਲ, ਲਸੂੜੀ, ਸਵੰਵਣਾ ਅਤੇ ਕੈਂਬਲ ਨਾਂ ਹੋਵੇ)।

3.ਬਾਲਣ ਸੁੱਕਾ ਅਤੇ ਕੱਟਿਆ ਹੋਇਆ ਹੋਵੇ।24% ਤੋਂ ਵੱਧ ਗਿੱਲਾ ਨਹੀਂ ਹੋਵੇਗਾ ਅਤੇ ਜੜ੍ਹਾਂ,ਛਮਕਾਂ ਅਤੇ ਮਿੱਟੀ ਨਾਂ ਹੋਵਣ।ਬਾਲਣ 3 ਇੰਚ ਤੋਂ ਘੱਟ ਨਹੀਂ ਹੋਵੇਗਾ।

4.ਪਹੁੰਚ ਗੁਰਦੁਆਰਾ ਸਾਹਿਬ ਹੋਵੇਗੀ।

5.ਜੇਕਰ ਬਾਲਣ ਸ਼ਰਤਾਂ ਦੇ ਉਲਟ ਹੋਵੇਗਾ ਤਾਂ ਬਣਦੀ ਕਾਟ ਲੱਗੇਗੀ ਜਾਂ ਵਾਪਸ ਕੀਤਾ ਜਾਵੇਗਾ।

ਨੋਟ: ਟੈਂਡਰ ਸਬੰਧੀ ਸਾਰੇ ਅਧਿਕਾਰ ਟੈਂਡਰ ਸਬ-ਕਮੇਟੀ ਕੋਲ ਹੋਣਗੇ।

ਮੁੱਖ ਸਕੱਤਰ,

ਸ਼੍ਰੋ.ਗੁ.ਪ੍ਰ.ਕਮੇਟੀ,

ਸ੍ਰੀ ਅੰਮ੍ਰਿਤਸਰ।